GOVERNMENT OF WESTERN AUSTRALIA

Working with Children Check

# ਤੱਥ ਸ਼ੀਟ ORG06
# ਵਰਕਿੰਗ ਵਿਦ ਚਿਲਡਰਨ ਚੈੱਕ (Working with Children Check)
# ਸਿਹਤ ਖੇਤਰ

Punjabi | ਪੰਜਾਬੀ

ਹੇਠਾਂ **ਬੱਚਿਆਂ ਨਾਲ ਸੰਬੰਧਿਤ ਕੰਮ** ਦੀਆਂ ਸ਼੍ਰੇਣੀਆਂ ਦੀ ਸੂਚੀ ਦਿੱਤੀ ਗਈ ਹੈ ਜੋ ਸਿਹਤ ਖੇਤਰ 'ਤੇ ਲਾਗੂ ਹੋ ਸਕਦੀਆਂ ਹਨ, ਜਿੱਥੇ ਕਿਸੇ ਵਿਅਕਤੀ ਦੇ ਅਹੁਦੇ ਵਿੱਚ ਉਹਨਾਂ ਦੀਆਂ **ਆਮ ਡਿਊਟੀਆਂ** ਦੇ ਹਿੱਸੇ ਵਜੋਂ **ਬੱਚਿਆਂ** ਨਾਲ ਸੰਪਰਕ ਕਰਨਾ ਸ਼ਾਮਲ ਹੁੰਦਾ ਹੈ, ਜਾਂ ਸ਼ਾਮਲ ਹੋਣ ਦੀ ਸੰਭਾਵਨਾ ਹੁੰਦੀ ਹੈ।

ਇਹ ਸਾਰਣੀ ਸਿਰਫ਼ ਇੱਕ ਗਾਈਡ ਹੈ ਅਤੇ ਸੰਪੂਰਨ ਹੋਣ ਦਾ ਦਾਅਵਾ ਨਹੀਂ ਕਰਦੀ ਹੈ। ਇਹ ਸਾਰੀਆਂ ਸਥਿਤੀਆਂ ਜਾਂ ਭਿੰਨਤਾਵਾਂ ਨੂੰ ਸ਼ਾਮਲ ਨਹੀਂ ਕਰਦੀ ਹੈ ਅਤੇ ਦਿੱਤੀਆਂ ਗਈਆਂ ਉਦਾਹਰਨਾਂ ਵੀ ਛੋਟਾਂ ਦੇ ਅਧੀਨ ਹੋ ਸਕਦੀਆਂ ਹਨ।

| **ਇਹਨਾਂ ਸ਼੍ਰੇਣੀਆਂ ਵਿੱਚ ਸ਼ਾਮਲ ਹੋ ਸਕਦੀਆਂ ਹਨ:** | **ਇਹਨਾਂ ਭੂਮਿਕਾਵਾਂ ਵਿੱਚ ਸ਼ਾਮਲ ਹੋ ਸਕਦੀਆਂ ਹਨ:** |
|---|---|
| 3. ਬੱਚਿਆਂ ਲਈ ਵਿੱਦਿਅਕ ਸੰਸਥਾ | • ਸਕੂਲਾਂ ਵਿੱਚ ਸਿਹਤ ਕਰਮਚਾਰੀ, ਨਰਸਾਂ ਅਤੇ ਦੰਦਾਂ ਦੇ ਡਾਕਟਰਾਂ ਸਮੇਤ |
| 5. ਬੱਚਿਆਂ ਦੀ ਰਿਹਾਇਸ਼ ਜਾਂ ਦੇਖਭਾਲ ਦਾ ਪ੍ਰਬੰਧ | • 'ਘਰ ਤੋਂ ਬਾਹਰ' ਰਾਹਤ ਜਾਂ ਰਿਹਾਇਸ਼ੀ ਦੇਖਭਾਲ ਸੇਵਾਵਾਂ ਪ੍ਰਦਾਨ ਕਰਨ ਵਾਲਾ ਸਟਾਫ਼<br>• ਅਪਾਹਜ ਬੱਚਿਆਂ ਲਈ 'ਘਰ ਵਿੱਚ' ਰਾਹਤ ਦੇਖਭਾਲ ਸੇਵਾਵਾਂ ਪ੍ਰਦਾਨ ਕਰਨ ਵਾਲਾ ਸਟਾਫ਼ |
| 9. ਕਮਿਊਨਿਟੀ ਬਾਲ ਸਿਹਤ ਸੇਵਾ | • ਸਟਾਫ਼ ਅਤੇ **ਵਾਲੰਟੀਅਰ** ਜਿਨ੍ਹਾਂ ਦਾ ਚਾਈਲਡ ਕਮਿਊਨਿਟੀ ਹੈਲਥ ਸਰਵਿਸ ਵਿੱਚ ਮਰੀਜ਼ਾਂ ਨਾਲ ਸੰਪਰਕ ਹੁੰਦਾ ਹੈ<br>• ਵਾਰਡ-ਰਹਿਤ ਸਟਾਫ਼ ਅਤੇ ਵਾਲੰਟੀਅਰ ਜਿਨ੍ਹਾਂ ਦਾ ਪਰਥ ਚਿਲਡਰਨ ਹਸਪਤਾਲ ਵਿੱਚ ਮਰੀਜ਼ਾਂ ਨਾਲ ਸੰਪਰਕ ਹੁੰਦਾ ਹੈ |
| 10. ਕਾਊਂਸਲਿੰਗ ਜਾਂ ਹੋਰ ਸਹਾਇਤਾ ਸੇਵਾ | • ਬੱਚਿਆਂ ਨੂੰ ਸਲਾਹ ਜਾਂ ਹੋਰ ਸਹਾਇਤਾ ਸੇਵਾਵਾਂ ਪ੍ਰਦਾਨ ਕਰਨ ਵਾਲੇ ਲੋਕ, ਜਿਸ ਵਿੱਚ ਫ਼ੋਨ ਜਾਂ ਵੈੱਬ-ਆਧਾਰਿਤ ਸੁਵਿਧਾਵਾਂ ਸ਼ਾਮਲ ਹਨ<br>• ਉਹ ਲੋਕ ਜੋ ਉਨ੍ਹਾਂ ਬੱਚਿਆਂ ਨੂੰ ਸਲਾਹ ਅਤੇ ਸਹਾਇਤਾ ਪ੍ਰਦਾਨ ਕਰਦੇ ਹਨ ਜਿਨ੍ਹਾਂ ਨੂੰ ਬੀਮਾਰੀਆਂ ਹਨ ਜਿਵੇਂ ਕਿ ਕੈਂਸਰ, ਸ਼ੂਗਰ ਰੋਗ |
| 13. ਸਰਕਾਰੀ ਜਾਂ ਪ੍ਰਾਈਵੇਟ ਹਸਪਤਾਲ ਦਾ ਵਾਰਡ | • ਦਿਹਾਤੀ ਇਲਾਕੇ ਵਿਚਲੀ ਸਿਹਤ ਸੇਵਾ 'ਤੇ ਸਰਬ-ਉਦੇਸ਼ ਅਰਦਲੀ<br>• ਪਰਥ ਚਿਲਡਰਨ ਹਸਪਤਾਲ ਦੇ ਵਾਰਡਾਂ ਵਿੱਚ ਕੰਮ ਕਰਦੇ ਅਤੇ ਵਾਲੰਟੀਅਰ ਕਰਦੇ ਲੋਕ |

| **ਇਹਨਾਂ ਸ਼੍ਰੇਣੀਆਂ ਵਿੱਚ ਸ਼ਾਮਲ ਹੋ ਸਕਦੀਆਂ ਹਨ:** | **ਇਹਨਾਂ ਭੂਮਿਕਾਵਾਂ ਵਿੱਚ ਸ਼ਾਮਲ ਹੋ ਸਕਦੀਆਂ ਹਨ:** |
|---|---|
| | • ਵਾਰਡਾਂ ਵਿੱਚ ਕੰਮ ਕਰ ਰਿਹਾ ਸਟਾਫ਼ ਅਤੇ ਵਾਲੰਟੀਅਰ ਜਿੱਥੇ ਸੋਲਾਂ ਅਤੇ ਸਤਾਰਾਂ ਸਾਲ ਦੇ ਬੱਚੇ ਆਮ ਤੌਰ 'ਤੇ ਮਰੀਜ਼ ਹੁੰਦੇ ਹਨ<br>• ਹਸਪਤਾਲ ਵਿੱਚ ਆਪਣੀ ਪਲੇਸਮੈਂਟ (ਲੋੜੀਦੀ ਵਿਹਾਰਕ ਸਿਖਲਾਈ) ਨੂੰ ਪੂਰਾ ਕਰਨ ਲਈ ਵਾਰਡ ਵਿੱਚ ਕੰਮ ਕਰ ਰਹੇ ਵਿਦਿਆਰਥੀ ਜਿੱਥੇ ਬੱਚੇ ਆਮ ਤੌਰ 'ਤੇ ਮਰੀਜ਼ ਹੁੰਦੇ ਹਨ |
| 16. ਖ਼ਾਸ ਤੌਰ 'ਤੇ ਬੱਚਿਆਂ ਲਈ ਟ੍ਰਾਂਸਪੋਰਟ (ਆਵਾਜਾਈ) ਸੇਵਾ | • ਸਿਹਤ ਸੰਭਾਲ ਸਹੂਲਤ ਦੀ ਤਰਫੋਂ ਖ਼ਾਸ ਤੌਰ 'ਤੇ ਬੱਚਿਆਂ ਨੂੰ ਆਵਾਜਾਈ ਸੇਵਾ ਦੇ ਰਹੇ ਲੋਕ |

## ਉਹਨਾਂ ਲੋਕਾਂ ਦੀਆਂ ਉਦਾਹਰਨਾਂ ਜੋ ਸਿਹਤ ਖੇਤਰ ਵਿੱਚ ਬੱਚਿਆਂ ਨਾਲ ਸਬੰਧਿਤ ਕੰਮ ਵਿੱਚ ਸ਼ਾਮਲ ਨਹੀਂ ਹੁੰਦੇ ਹਨ ਅਤੇ ਇਸ ਲਈ ਬੱਚਿਆਂ ਨਾਲ ਕੰਮ ਕਰਨ (WWC) ਚੈੱਕ ਦੀ ਲੋੜ ਨਹੀਂ ਹੁੰਦੀ ਹੈ।

| **ਇਹਨਾਂ ਭੂਮਿਕਾਵਾਂ ਵਿੱਚ ਸ਼ਾਮਲ ਹੋ ਸਕਦੀਆਂ ਹਨ:** | **WWC ਚੈੱਕ ਦੀ ਲੋੜ ਨਾ ਹੋਣ ਦਾ ਕਾਰਨ** |
|---|---|
| ਸਿਰਫ਼ ਪ੍ਰਾਈਵੇਟ ਪ੍ਰੈਕਟਿਸ ਵਿੱਚ ਕੰਮ ਕਰਨ ਵਾਲੇ ਜਨਰਲ ਪ੍ਰੈਕਟੀਸ਼ਨਰ ਜਾਂ ਬਾਲ ਰੋਗ ਮਾਹਿਰ। | ਬੱਚਿਆਂ ਨਾਲ ਸਬੰਧਿਤ ਕੰਮ ਦੀ ਕੋਈ ਲਾਗੂ ਸ਼੍ਰੇਣੀ ਨਹੀਂ ਹੈ। |
| ਹਸਪਤਾਲ ਦਾ ਸਟਾਫ਼ ਜੋ ਬੱਚਿਆਂ ਦੇ ਗੁਪਤ ਡੇਟਾ ਤੱਕ ਪਹੁੰਚ ਕਰਦਾ ਹੈ ਪਰ ਬੱਚਿਆਂ ਨਾਲ ਕੋਈ ਭੂਮਿਕਾ ਨਹੀਂ ਹੈ। | ਬੱਚਿਆਂ ਨਾਲ ਕੋਈ ਸੰਪਰਕ ਨਹੀਂ ਹੈ। |
| ਹਸਪਤਾਲਾਂ ਜਾਂ ਕਮਿਊਨਿਟੀ ਚਾਈਲਡ ਹੈਲਥ ਸਰਵਿਸਿਜ਼ ਨੂੰ ਰੱਖ-ਰਖਾਅ ਜਾਂ ਮਾਲ ਡਿਲੀਵਰ ਕਰਨ ਲਈ ਇਕਰਾਰਨਾਮੇ ਵਾਲੇ ਵਿਅਕਤੀ। | ਬੱਚਿਆਂ ਨਾਲ ਸੰਪਰਕ **ਸਬੱਬੀ** ਹੈ ਅਤੇ ਆਮ ਡਿਊਟੀਆਂ ਦਾ ਹਿੱਸਾ ਨਹੀਂ ਹੈ। |

## ਕੀ ਐਮਰਜੈਂਸੀ ਵਿਭਾਗਾਂ ਵਿੱਚ ਕੰਮ ਕਰਨ ਵਾਲੇ ਸਟਾਫ਼ ਨੂੰ WWC ਚੈੱਕ ਦੀ ਲੋੜ ਹੁੰਦੀ ਹੈ?

ਹਾਂ, ਐਮਰਜੈਂਸੀ ਵਿਭਾਗ ਜਿੱਥੇ ਬੱਚੇ ਆਮ ਤੌਰ 'ਤੇ ਮੌਜੂਦ ਹੁੰਦੇ ਹਨ, ਨੂੰ ਵਾਰਡ ਮੰਨਿਆ ਜਾਂਦਾ ਹੈ, ਅਤੇ ਇਸ ਲਈ ਉਹ **ਸ਼੍ਰੇਣੀ 13** ਦੇ ਅੰਦਰ ਆਉਂਦੇ ਹਨ। ਕੋਈ ਵੀ ਵਿਅਕਤੀ ਜਿਸ ਦੀਆਂ ਆਮ ਡਿਊਟੀਆਂ ਉਹਨਾਂ ਨੂੰ ਬੱਚਿਆਂ ਦੇ ਸੰਪਰਕ ਵਿੱਚ ਲਿਆਉਂਦੀਆਂ ਹਨ, ਉਹਨਾਂ ਨੂੰ WWC ਚੈੱਕ ਦੀ ਲੋੜ ਹੋਵੇਗੀ ਜਦੋਂ ਤੱਕ ਕੋਈ ਛੋਟ ਲਾਗੂ ਨਹੀਂ ਹੁੰਦੀ।

## ਜੇਕਰ ਪਲੇਸਮੈਂਟ ਪ੍ਰਦਾਤਾ ਨੇ ਪਲੇਸਮੈਂਟ 'ਤੇ ਆਏ ਕਿਸੇ ਵਿਦਿਆਰਥੀ ਲਈ WWC ਚੈੱਕ ਫਾਰਮ ਲਈ ਅਰਜ਼ੀ 'ਤੇ ਹਸਤਾਖਰ ਕੀਤੇ ਹਨ, ਤਾਂ ਕੀ ਉਸ ਹਸਪਤਾਲ ਜਾਂ ਕਮਿਊਨਿਟੀ ਚਾਈਲਡ ਹੈਲਥ ਸਰਵਿਸ ਦੀ ਕਾਨੂੰਨ ਅਧੀਨ ਕੋਈ ਜ਼ਿੰਮੇਵਾਰੀ ਹੈ?

ਹਾਂ, ਬੱਚਿਆਂ ਨਾਲ ਸਬੰਧਿਤ ਕੰਮ ਵਿੱਚ ਪਲੇਸਮੈਂਟ 'ਤੇ ਆਏ ਵਿਦਿਆਰਥੀ ਨੂੰ ਸ਼ਾਮਲ ਕਰਕੇ ਸਿਹਤ ਸਹੂਲਤ ਰੁਜ਼ਗਾਰਦਾਤਾ ਦੀ ਭੂਮਿਕਾ ਨਿਭਾ ਰਹੀ ਹੈ ਅਤੇ ਇਹ ਯਕੀਨੀ ਬਣਾਉਣ ਦੀ ਲੋੜ ਹੋਵੇਗੀ ਕਿ ਉਸ ਵਿਅਕਤੀ ਕੋਲ ਇੱਕ ਵੈਧ WWC ਕਾਰਡ ਹੈ। ਇਹ ਸਾਡੀ ਵੈੱਬਸਾਈਟ 'ਤੇ ਚੈੱਕ ਕੀਤਾ ਜਾ ਸਕਦਾ ਹੈ।

ਇਹ ਵੀ ਸਲਾਹ ਦਿੱਤੀ ਜਾਂਦੀ ਹੈ ਕਿ ਸੰਸਥਾ ਇਹ ਯਕੀਨੀ ਬਣਾਉਣ ਲਈ ਵਿਦਿਆਰਥੀ ਨੂੰ ਉਹਨਾਂ ਲਈ ਕੰਮ ਕਰਨ ਵਜੋਂ ਰਜਿਸਟਰ ਕਰੇ ਤਾਂ ਕਿ ਜੇਕਰ ਕੋਈ **ਨਕਾਰਾਤਮਕ ਨੋਟਿਸ** ਜਾਂ **ਅੰਤਰਿਮ ਨਕਾਰਾਤਮਕ ਨੋਟਿਸ** ਜਾਰੀ ਕੀਤਾ ਜਾਂਦਾ ਹੈ ਤਾਂ ਉਹਨਾਂ ਨੂੰ ਸੂਚਿਤ ਕੀਤਾ ਜਾਵੇ।

## ਸਾਡਾ ਹਸਪਤਾਲ ਸਾਡੇ ਨਰਸਿੰਗ ਅਹੁਦਿਆਂ ਨੂੰ ਭਰਨ ਲਈ ਇੱਕ ਏਜੰਸੀ ਦੀ ਵਰਤੋਂ ਕਰਦਾ ਹੈ। ਕੀ ਇਹ ਯਕੀਨੀ ਬਣਾਉਣਾ ਉਹਨਾਂ ਦੀ ਜ਼ਿੰਮੇਵਾਰੀ ਹੈ ਕਿ ਸਟਾਫ਼ ਕੋਲ ਲੋੜ ਅਨੁਸਾਰ WWC ਚੈੱਕ ਹਨ?

ਜੇਕਰ ਏਜੰਸੀ ਉਨ੍ਹਾਂ ਦੀ ਰੁਜ਼ਗਾਰਦਾਤਾ ਹੈ, ਤਾਂ ਹਾਂ, ਉਹ WWC ਚੈੱਕਾਂ ਦੇ ਸੰਬੰਧ ਵਿੱਚ ਜ਼ਿੰਮੇਵਾਰੀ ਰੱਖਦੇ ਹਨ। ਹਾਲਾਂਕਿ, ਹਸਪਤਾਲਾਂ 'ਤੇ ਅਜੇ ਵੀ ਇਹ ਯਕੀਨੀ ਬਣਾਉਣ ਦੀ ਜ਼ਿੰਮੇਵਾਰੀ ਹੈ ਕਿ ਕੋਈ ਵੀ ਸਟਾਫ਼ ਜੋ ਬੱਚਿਆਂ ਨਾਲ ਸਬੰਧਿਤ ਕੰਮ ਵਿੱਚ ਰੁੱਝਿਆ ਹੋਇਆ ਹੈ, ਕੋਲ ਮੌਜੂਦਾ ਅਤੇ ਵੈਧ WWC ਕਾਰਡ ਹੈ।

ਜੇਕਰ ਤੁਹਾਡੀ ਸੰਸਥਾ ਨੂੰ ਪਤਾ ਲੱਗਦਾ ਹੈ ਕਿ ਕਿਸੇ ਏਜੰਸੀ-ਦੁਆਰਾ-ਰੁਜ਼ਗਾਰ ਪ੍ਰਾਪਤ ਨਰਸ ਨੂੰ ਇੱਕ ਨਕਾਰਾਤਮਕ ਨੋਟਿਸ ਜਾਂ ਅੰਤਰਿਮ ਨਕਾਰਾਤਮਕ ਨੋਟਿਸ ਜਾਰੀ ਕੀਤਾ ਗਿਆ ਹੈ, ਤਾਂ ਤੁਹਾਡੀ ਸੰਸਥਾ ਕੋਲ ਇਹ ਯਕੀਨੀ ਬਣਾਉਣ ਲਈ ਪ੍ਰਕਿਰਿਆਵਾਂ ਹੋਣੀਆਂ ਚਾਹੀਦੀਆਂ ਹਨ ਕਿ ਉਸ ਨਰਸ ਨੂੰ ਤੁਰੰਤ ਬੱਚਿਆਂ ਨਾਲ ਸੰਬੰਧਿਤ ਕੰਮ ਤੋਂ ਹਟਾ ਦਿੱਤਾ ਗਿਆ ਹੈ।

**ਮੋਟੇ ਅੱਖਰਾਂ ਵਾਲੇ** ਸ਼ਬਦਾਂ ਦੀ ਪਰਿਭਾਸ਼ਾ www.workingwithchildren.wa.gov.au 'ਤੇ ਵਰਕਿੰਗ ਵਿਦ ਚਿਲਡਰਨ ਚੈੱਕ ਸ਼ਬਦਾਵਲੀ ਵਿੱਚ ਲੱਭੀ ਜਾ ਸਕਦੀ ਹੈ।